# Mississauga ਵਿੱਚ ਪਟਾਕਿਆਂ ਦੀ ਵਰਤੋਂ ਬਾਰੇ ਤੁਹਾਨੂੰ ਜੋ ਕੁਝ ਜਾਣਨ ਦੀ ਲੋੜ ਹੈ

ਅੱਗ ਅਤੇ ਸੱਟ ਲੱਗਣ ਦੇ ਖਤਰੇ ਨੂੰ ਘੱਟ ਕਰਦੇ ਹੋਏ ਆਪਣੇ ਜਸ਼ਨਾਂ ਦਾ ਆਨੰਦ ਮਾਣੋ। ਜਾਣੋ ਕਿ Mississauga ਵਿੱਚ ਤੁਸੀਂ ਪਟਾਕੇ ਕਦੋਂ ਅਤੇ ਕਿੱਥੇ ਚਲਾ ਸਕਦੇ ਹੋ, ਕਿਹੜੀਆਂ ਕਿਸਮਾਂ ਦੀ ਇਜਾਜ਼ਤ ਹੈ ਅਤੇ ਨਿਯਮ ਕੀ ਹਨ। ਸਿਟੀ ਦੇ ਫਾਇਰਵਰਕਸ ਬਾਇ-ਲਾਅ ਦੀ ਪਾਲਣਾ ਕਰਕੇ, ਤੁਸੀਂ ਹਰ ਕਿਸੇ ਲਈ ਸੁਰੱਖਿਅਤ ਅਤੇ ਮਜ਼ੇਦਾਰ ਜਸ਼ਨਾਂ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੋਗੇ।

6 ਫਰਵਰੀ, 2026

ਬਹੁਤ ਸਾਰੇ ਲੋਕਾਂ ਲਈ, ਪਟਾਕੇ ਜਸ਼ਨਾਂ ਅਤੇ ਖਾਸ ਮੌਕਿਆਂ ਦਾ ਇੱਕ ਮੁੱਖ ਹਿੱਸਾ ਹਨ। ਭਾਵੇਂ ਇਹ ਛੁੱਟੀ, ਜਸ਼ਨ ਜਾਂ ਸਮਾਗਮ ਲਈ ਹੋਵੇ, ਜਾਂ ਧਾਰਮਿਕ ਜਾਂ ਸੱਭਿਆਚਾਰਕ ਕਾਰਨਾਂ ਕਰਕੇ, ਚਮਕਦੀਆਂ ਲਾਈਟਾਂ, ਸੁੰਦਰ ਰੰਗ ਅਤੇ ਆਵਾਜ਼ਾਂ, ਯਾਦਾਂ ਨੂੰ ਤਾਜ਼ਾ ਕਰਨ ਵਾਲੀਆਂ ਹੋ ਸਕਦੀਆਂ ਹਨ।

Mississauga ਵਿੱਚ, ਪਟਾਕਿਆਂ ਦੀ ਵਰਤੋਂ ਨੂੰ, ਭਾਈਚਾਰੇ ਵਿੱਚ ਹਰ ਕਿਸੇ ਦੀ ਸੁਰੱਖਿਆ ਅਤੇ ਖੁਸ਼ੀ ਨੂੰ ਯਕੀਨੀ ਬਣਾਉਣ ਲਈ, ਨਿਯਮਾਂ, ਦਿਸ਼ਾ-ਨਿਰਦੇਸ਼ਾਂ ਅਤੇ ਸਿਟੀ ਦੇ ਫਾਇਰਵਰਕਸ ਬਾਇ-ਲਾਅ (rules, guidelines and the City's Fireworks by-law) ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਸਾਰੇ ਵਸਨੀਕਾਂ ਲਈ ਇਹ ਮਹੱਤਵਪੂਰਨ ਹੈ ਕਿ ਉਹ ਸਿਟੀ ਦੇ ਫਾਇਰਵਰਕਸ ਬਾਇ-ਲਾਅ ਤੋਂ ਜਾਣੂ ਹੋਣ, ਅਤੇ ਇਹ ਸਮਝਣ ਕਿ ਪਟਾਕੇ ਕੀ ਹਨ, ਕਿਹੜੇ ਪਟਾਕਿਆਂ 'ਤੇ ਪਾਬੰਦੀ ਹੈ, ਉਹਨਾਂ ਦੀ ਵਰਤੋਂ ਕਿਵੇਂ ਅਤੇ ਕਦੋਂ ਕੀਤੀ ਜਾ ਸਕਦੀ ਹੈ, ਅਤੇ ਉਹਨਾਂ ਦੀ ਵਰਤੋਂ ਨਾਲ ਸਬੰਧਤ ਕਿਸ ਕਿਸਮ ਦੀ ਸੁਰੱਖਿਆ ਜ਼ਰੂਰੀ ਹੈ।

ਹਮੇਸ਼ਾ ਸੁਰੱਖਿਆ ਨੂੰ ਤਰਜੀਹ ਦਿਓ – ਆਪਣੇ ਲਈ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਲਈ।

## ਪਟਾਕੇ ਕੀ ਹਨ?

ਪਟਾਕੇ ਸੁੰਦਰ ਲੱਗਣ ਅਤੇ ਮਨੋਰੰਜਨ ਦੇ ਉਦੇਸ਼ਾਂ ਲਈ ਤਿਆਰ ਕੀਤੇ ਗਏ ਪਾਇਰੋਟੈਕਨਿਕ-ਧਮਾਕੇਦਾਰ ਡਿਵਾਈਸ ਹੁੰਦੇ ਹਨ। ਇਹਨਾਂ ਨੂੰ ਜਲਣ, ਧਮਾਕੇ ਜਾਂ ਦੋਵਾਂ ਦੇ ਸੁਮੇਲ ਦੁਆਰਾ ਦਿਖਣ ਵਾਲੇ ਅਤੇ ਅਵਾਜ਼ ਦੇ ਪ੍ਰਭਾਵ ਪੈਦਾ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਇਹ ਕਈ ਤਰ੍ਹਾਂ ਦੇ ਆਕਾਰਾਂ, ਸਾਈਜ਼ਾਂ ਅਤੇ ਪ੍ਰਭਾਵਾਂ ਵਿੱਚ ਆਉਂਦੇ ਹਨ, ਜਿਨ੍ਹਾਂ ਵਿੱਚ ਅਕਸਰ ਚਮਕਦਾਰ ਰੰਗ ਅਤੇ ਬਰੀਕ ਡਿਜ਼ਾਈਨ ਹੁੰਦੇ ਹਨ।

ਪਟਾਕਿਆਂ ਨੂੰ ਨੈਸ਼ਨਲ ਰਿਸੋਰਸਜ ਕੈਨੇਡਾ (National Resources Canada) ਦੇ ਅਨੁਸਾਰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

- ਖਪਤਕਾਰ ਪਟਾਕੇ: ਇਹ ਬਾਹਰ ਮਨੋਰੰਜਨ ਲਈ ਬਣਾਏ ਗਏ ਹਨ ਅਤੇ ਲੋਕਾਂ ਦੁਆਰਾ ਵਰਤੇ ਜਾ ਸਕਦੇ ਹਨ। ਉਦਾਹਰਣਾਂ ਵਿੱਚ ਸ਼ਾਮਲ ਹਨ, ਅਨਾਰ, ਚਕਰੀਆਂ ਜਾਂ ਵੌਲਕੈਨੋ। ਹਾਲਾਂਕਿ, ਇਹਨਾਂ ਨਾਲ ਕੁਝ ਨਿਯਮ ਜੁੜੇ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ।
- ਨਵੀਂ ਕਿਸਮ ਦੀਆਂ ਡਿਵਾਈਸਾਂ: ਇਹ ਕਿਸਮ ਦੇ ਅਧਾਰ 'ਤੇ ਜ਼ਿਆਦਾਤਰ ਬਾਹਰ ਵਰਤੀਆਂ ਜਾਂਦੀਆਂ ਹਨ। ਇਹ ਡਿਵਾਈਸਾਂ, ਜਿਵੇਂ ਕਿ ਫੁਲਝੜੀਆਂ, ਸੀਮਤ ਦਿੱਖਣਯੋਗ ਜਾਂ ਸੁਣਨਯੋਗ ਪ੍ਰਭਾਵ ਪੈਦਾ ਕਰਦੀਆਂ ਹਨ ਅਤੇ ਇਹਨਾਂ ਵਿੱਚ ਥੋੜ੍ਹੀ ਮਾਤਰਾ ਵਿੱਚ ਪਾਇਰੋਟੈਕਨਿਕ ਮਿਸ਼ਰਣ ਹੁੰਦਾ ਹੈ।

## ਸਿਟੀ ਪਟਾਕਿਆਂ ਦੀ ਇਜਾਜ਼ਤ ਕਿਉਂ ਦਿੰਦੀ ਹੈ?

ਪਟਾਕੇ ਲੋਕਾਂ ਨੂੰ ਜਸ਼ਨ ਮਨਾਉਣ ਦਾ ਇੱਕ ਸਾਧਨ ਪ੍ਰਦਾਨ ਕਰਦੇ ਹਨ। ਇਹ ਸੱਭਿਆਚਾਰਕ ਪਛਾਣ ਨੂੰ ਬਰਕਰਾਰ ਰੱਖਣ, ਧਾਰਮਿਕ ਪਰੰਪਰਾਵਾਂ ਨੂੰ ਨਿਭਾਉਣ, ਅਤੇ ਸਾਂਝੇ ਤਜਰਬਿਆਂ ਰਾਹੀਂ ਭਾਈਚਾਰਿਆਂ ਨੂੰ ਇਕਜੁੱਟ ਕਰਨ ਵਿੱਚ ਇੱਕ ਭੂਮਿਕਾ ਨਿਭਾਉਂਦੇ ਹਨ। Mississauga ਦੇ ਬਹੁਤ ਸਾਰੇ ਵਸਨੀਕਾਂ ਲਈ, ਪਟਾਕੇ ਸਿਰਫ਼ ਮਨੋਰੰਜਨ ਤੋਂ ਕਿਤੇ ਵੱਧ ਕੇ ਹੁੰਦੇ ਹਨ ਅਤੇ ਇਹ ਖਾਸ ਮਾਇਨੇ ਰੱਖਣ ਵਾਲੇ ਪ੍ਰਤੀਕ ਹੋ ਸਕਦੇ ਹਨ। ਇਹਨਾਂ ਦੀ ਵਰਤੋਂ ਖੁਸ਼ੀ ਦੇ ਪਲਾਂ ਜਾਂ ਇਤਿਹਾਸਕ ਸਮਾਗਮਾਂ ਨੂੰ ਦਰਸਾਉਣ ਲਈ ਕੀਤੀ ਜਾ ਸਕਦੀ ਹੈ। ਪਟਾਕੇ ਲੋਕਾਂ ਨੂੰ ਆਪਣੀ ਵਿਰਾਸਤ, ਅਧਿਆਤਮਿਕ ਵਿਸ਼ਵਾਸਾਂ ਨਾਲ ਜੁੜਨ, ਅਤੇ ਸ਼ਰਧਾ, ਏਕਤਾ ਅਤੇ ਮਾਣ ਦੀ ਭਾਵਨਾ ਨਾਲ ਜਸ਼ਨ ਮਨਾਉਣ ਵਿੱਚ ਵੀ ਮਦਦ ਕਰ ਸਕਦੇ ਹਨ।

ਸਿਟੀ ਦੇ ਫਾਇਰਵਰਕਸ ਬਾਇ-ਲਾਅ ਦੁਆਰਾ ਨਿਰਧਾਰਤ ਸੀਮਾਵਾਂ ਦੇ ਅੰਦਰ ਪਟਾਕਿਆਂ ਦੀ ਇਜਾਜ਼ਤ ਦੇਣਾ, ਲੋਕਾਂ ਦੀ ਸੁਰੱਖਿਆ ਅਤੇ ਭਾਈਚਾਰੇ ਦੀ ਭਲਾਈ ਨੂੰ ਤਰਜੀਹ ਦਿੰਦੇ ਹੋਏ, Mississauga ਦੀ ਸੱਭਿਆਚਾਰਕ ਵੰਨ-ਸੁਵੰਨਤਾ ਦਾ ਸਨਮਾਨ ਕਰਦਾ ਹੈ। ਇਹ ਨਿਯਮ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ, ਜਦਕਿ ਪਾਲਤੂ ਜਾਨਵਰਾਂ, ਜੰਗਲੀ ਜੀਵਾਂ ਅਤੇ ਵਾਤਾਵਰਣ 'ਤੇ ਪਟਾਕਿਆਂ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘਟਾਉਂਦੇ ਹਨ। ਇਕੱਠੇ ਮਿਲ ਕੇ, ਇਹ ਪਹੁੰਚ ਇੱਕ ਵਧੇਰੇ ਸ਼ਮੂਲੀਅਤ ਵਾਲੀ, ਰੌਣਕ ਭਰੀ ਸਿਟੀ ਦੀ ਹਿਮਾਇਤ ਕਰਦੀ ਹੈ, ਜੋ Mississauga ਨੂੰ ਆਪਣਾ ਘਰ ਕਹਿਣ ਵਾਲੇ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਗਈ ਹੈ।

## Mississauga ਵਿੱਚ ਪਟਾਕਿਆਂ ਦੇ ਨਵੇਂ ਨਿਯਮ

15 ਅਕਤੂਬਰ, 2025 ਨੂੰ, Mississauga ਸਿਟੀ ਕਾਉਂਸਿਲ (Mississauga City Council) ਨੇ ਫ਼ਾਇਰਵਰਕਸ ਬਾਇ-ਲਾਅ (Fireworks By-law) ਵਿੱਚ ਹੋਰ ਪਾਬੰਦੀਆਂ ਜੋੜਨ ਲਈ ਸੋਧ ਕਰਨ ਵਾਸਤੇ ਵੋਟ ਦਿੱਤੀ ਸੀ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਪਟਾਕਿਆਂ ਦੀ ਵਰਤੋਂ ਕਰਨ ਦੇ ਘੰਟਿਆਂ ਨੂੰ ਘਟਾਉਣਾ (ਲੂਨਾਰ ਨਿਊ ਯੀਅਰ (Lunar New Year), ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day) ਅਤੇ ਦੀਵਾਲੀ (Diwali) ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ; ਨਵੇਂ ਸਾਲ (New Year's Eve) ਨੂੰ ਰਾਤ 11 ਵਜੇ ਤੋਂ ਸਵੇਰੇ 1 ਵਜੇ ਤੱਕ)।
- ਰੋਮਨ ਕੈਂਡਲ ਪਟਾਕਿਆਂ ਦੀ ਵਿਕਰੀ, ਵਰਤੋਂ, ਕੋਲ ਰੱਖਣ ਅਤੇ ਕਿਸੇ ਨੂੰ ਦੇਣ 'ਤੇ ਪਾਬੰਦੀ।
- ਛੁੱਟੀ ਵਾਲੇ ਦਿਨ ਨੂੰ ਛੱਡ ਕੇ, ਛੁੱਟੀ ਤੋਂ 10 ਦਿਨ ਪਹਿਲਾਂ ਤੱਕ ਪਟਾਕਿਆਂ ਦੀ ਵਿਕਰੀ ਨੂੰ ਸੀਮਤ ਕਰਨਾ।
- ਪਟਾਕਿਆਂ ਦੇ ਵਿਕਰੇਤਾਵਾਂ ਲਈ ਜ਼ਰੂਰੀ ਬਣਾਉਣਾ ਕਿ ਉਹ ਸਿਟੀ ਨੂੰ ਆਪਣੇ ਪਟਾਕਿਆਂ ਦੇ ਸਟੌਕ ਅਤੇ ਵਿਕਰੀ ਦੀ ਰਜਿਸਟਰੀ ਪ੍ਰਦਾਨ ਕਰਨ।
- ਸਿਰਫ਼ ਡਿਸਪਲੇ ਜਾਂ ਪੇਸ਼ੇਵਰ ਪਟਾਕਿਆਂ ਲਈ ਪਰਮਿਟ (permits for display or professional fireworks) ਜਾਰੀ ਕਰਨਾ (ਖਪਤਕਾਰ ਪਟਾਕਿਆਂ ਲਈ ਕੋਈ ਪਰਮਿਟ ਜਾਰੀ ਨਹੀਂ ਕੀਤੇ ਜਾਣਗੇ)।

ਇਹਨਾਂ ਤਬਦੀਲੀਆਂ ਨੂੰ 10 ਦਸੰਬਰ, 2025 ਨੂੰ ਕਾਉਂਸਿਲ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ, ਅਤੇ ਇਹ 2 ਜਨਵਰੀ, 2026 ਤੋਂ ਲਾਗੂ ਹਨ।

## Mississauga ਵਿੱਚ ਪਟਾਕਿਆਂ ਦੀ ਸੁਰੱਖਿਅਤ ਵਰਤੋਂ

ਇਹ ਸਮਝਣਾ ਕਿ ਸੁਰੱਖਿਅਤ ਢੰਗ ਨਾਲ ਪਟਾਕੇ ਕਿਵੇਂ ਵਰਤਣੇ ਹਨ, ਸੱਟਾਂ, ਅੱਗ ਲੱਗਣ ਜਾਂ ਪ੍ਰਾਪਰਟੀ ਦੇ ਨੁਕਸਾਨ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। ਛੁੱਟੀ ਲਈ ਯੋਜਨਾ ਬਣਾਉਂਦੇ ਸਮੇਂ, ਸੁਰੱਖਿਆ ਨੂੰ ਤਰਜੀਹ ਦਿਓ। ਹਰ ਕਿਸੇ ਨੂੰ ਸੁਰੱਖਿਅਤ ਰੱਖਣ ਲਈ, ਪਟਾਕੇ ਵਰਤਣ ਤੋਂ ਪਹਿਲਾਂ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਗੱਲ ਕਰੋ।

- ਖਪਤਕਾਰ ਪਟਾਕੇ ਖਰੀਦਣ, ਸਟੋਰ ਕਰਨ ਅਤੇ ਵਰਤਣ ਲਈ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੋਣੀ ਲਾਜ਼ਮੀ ਹੈ।
- ਸਿਰਫ ਲਾਇਸੰਸਸ਼ੁਦਾ ਵਿਕਰੇਤਾਵਾਂ ਤੋਂ ਹੀ ਖਰੀਦੋ।
- ਯਕੀਨੀ ਬਣਾਓ ਕਿ ਪਟਾਕੇ ਸੁਰੱਖਿਅਤ ਢੰਗ ਨਾਲ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਸਟੋਰ ਕੀਤੇ ਗਏ ਹਨ।
- ਹਰ ਇੱਕ ਆਈਟਮ 'ਤੇ ਦਿੱਤੀਆਂ ਹਦਾਇਤਾਂ, ਸਾਵਧਾਨੀਆਂ ਅਤੇ ਚੇਤਾਵਨੀਆਂ ਨੂੰ ਪੂਰੀ ਤਰ੍ਹਾਂ ਪੜ੍ਹੋ ਅਤੇ ਸਮਝੋ।
- ਆਪਣੀ ਨਿੱਜੀ ਪ੍ਰਾਪਰਟੀ 'ਤੇ ਬਾਹਰ ਇੱਕ ਸਾਫ਼, ਖੁੱਲ੍ਹੀ ਥਾਂ ਤੈਅ ਕਰੋ।
- ਨੇੜੇ ਇੱਕ ਬਾਲਟੀ ਪਾਣੀ ਜਾਂ ਪਾਈਪ ਰੱਖੋ।
- ਪਟਾਕਿਆਂ ਨੂੰ ਦੂਜੇ ਲੋਕਾਂ ਤੋਂ, ਘਰਾਂ, ਦਰੱਖਤਾਂ ਅਤੇ ਜਲਣਯੋਗ ਸਮੱਗਰੀ ਤੋਂ ਦੂਰ ਚਲਾਓ।
- ਹਮੇਸ਼ਾਂ ਬੱਚਿਆਂ 'ਤੇ ਨਜ਼ਰ ਰੱਖੋ ਅਤੇ ਇਹ ਯਕੀਨੀ ਬਣਾਓ ਕਿ ਦੇਖਣ ਵਾਲੇ ਸੁਰੱਖਿਅਤ ਦੂਰੀ 'ਤੇ ਹਨ।
- ਵਰਤੇ ਹੋਏ ਜਾਂ ਨਾ ਵਰਤੇ ਗਏ ਪਟਾਕਿਆਂ ਦਾ ਨਿਬੇੜਾ ਸੁਰੱਖਿਅਤ ਢੰਗ ਨਾਲ ਕਰੋ। ਪਟਾਕਿਆਂ ਨੂੰ ਪੂਰੀ ਤਰ੍ਹਾਂ ਪਾਣੀ ਵਿੱਚ ਡੁਬੋ ਕੇ ਰਾਤ ਭਰ ਭਿਓਂ ਦਿਓ। ਭਿੱਜੇ ਹੋਏ ਪਟਾਕਿਆਂ ਨੂੰ ਪਲਾਸਟਿਕ ਦੀ ਥੈਲੀ ਵਿੱਚ ਲਪੇਟੋ ਅਤੇ ਕੂੜੇ ਵਿੱਚ ਸੁੱਟ ਦਿਓ।

ਜਿੱਥੇ ਤੁਸੀਂ ਪਟਾਕੇ ਚਲਾਏ ਸਨ, ਉੱਥੇ ਸਫ਼ਾਈ ਕਰਨਾ ਯਾਦ ਰੱਖੋ। ਕਿਸੇ ਨੂੰ ਵੀ ਗੰਦਗੀ ਪਸੰਦ ਨਹੀਂ।

## ਪਟਾਕਿਆਂ ਦੇ ਵਿਕਲਪ

ਪਟਾਕਿਆਂ ਦੇ ਵਿਕਲਪ ਵਜੋਂ ਫੁਲਝੜੀਆਂ, ਰੌਸ਼ਨੀ ਵਾਲੀਆਂ ਸਟਿਕਸ (ਗਲੋ ਸਟਿਕਸ), ਰੌਸ਼ਨੀ ਵਾਲੀਆਂ ਛੜੀਆਂ (ਗਲੋ ਵਾਂਡਸ) ਜਾਂ ਐਲ.ਈ.ਡੀ. (LED) ਲਾਈਟਾਂ ਦੀ ਵਰਤੋਂ ਕਰਨ ਬਾਰੇ ਸੋਚੋ, ਤਾਂ ਜੋ ਪਟਾਕਿਆਂ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ।

ਪਟਾਕਿਆਂ ਦੇ, ਕਈ ਵਾਤਾਵਰਣ ਸਬੰਧੀ ਪ੍ਰਭਾਵ ਹੁੰਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ, ਹਵਾ ਦਾ ਪ੍ਰਦੂਸ਼ਣ, ਸ਼ੋਰ ਨਾਲ ਹੋਣ ਵਾਲੀਆਂ ਤਕਲੀਫਾਂ, ਜੰਗਲੀ ਜੀਵਾਂ ਨੂੰ ਨੁਕਸਾਨ, ਕੂੜਾ ਪੈਦਾ ਹੋਣਾ, ਅਤੇ ਅੱਗ ਲੱਗਣ ਦਾ ਵਧਿਆ ਹੋਇਆ ਖ਼ਤਰਾ। ਇਹ ਬਰੀਕ ਕਣ ਛੱਡਦੇ ਹਨ, ਜੋ ਥੋੜ੍ਹੇ ਸਮੇਂ ਲਈ ਹਵਾ ਦੇ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ ਅਤੇ ਸਾਹ ਸੰਬੰਧੀ ਸਮੱਸਿਆਵਾਂ ਨੂੰ ਹੋਰ ਵਿਗਾੜ ਸਕਦੇ ਹਨ। ਤੇਜ਼ ਧਮਾਕਿਆਂ ਨਾਲ ਸ਼ੋਰ ਦਾ ਪ੍ਰਦੂਸ਼ਣ ਪੈਦਾ ਹੁੰਦਾ ਹੈ, ਜੋ ਵਸਨੀਕਾਂ, ਜੰਗਲੀ ਜੀਵਾਂ ਅਤੇ ਪਾਲਤੂ ਜਾਨਵਰਾਂ ਨੂੰ ਪਰੇਸ਼ਾਨ ਕਰਦਾ ਹੈ, ਅਤੇ ਅਕਸਰ ਤਣਾਅ ਜਾਂ ਭਟਕਣ ਦਾ ਕਾਰਨ ਬਣਦਾ ਹੈ। ਪਟਾਕੇ ਪਿੱਛੇ ਮਲਬਾ ਵੀ ਛੱਡਦੇ ਹਨ, ਜੋ ਕੂੜੇ ਦਾ ਕਾਰਨ ਬਣਦਾ ਹੈ, ਅਤੇ ਇਸਦੀ ਗੈਰ-ਸੁਰੱਖਿਅਤ ਵਰਤੋਂ ਅੱਗ ਦੇ ਖ਼ਤਰੇ ਨੂੰ ਵਧਾ ਸਕਦੀ ਹੈ, ਜਿਸ ਨਾਲ ਪ੍ਰਾਪਰਟੀ ਅਤੇ ਲੋਕਲ ਈਕੋਸਿਸਟਮਾਂ ਨੂੰ ਖ਼ਤਰਾ ਹੁੰਦਾ ਹੈ।

## ਸ਼ੋਰ ਦੇ ਲੈਵਲ ਅਤੇ ਪਾਲਤੂ ਜਾਨਵਰ

ਪਟਾਕੇ ਬਹੁਤ ਤੇਜ਼ ਸ਼ੋਰ ਕਰ ਸਕਦੇ ਹਨ। ਤੇਜ਼ ਆਵਾਜ਼ ਪਾਲਤੂ ਜਾਨਵਰਾਂ ਲਈ ਤਣਾਅਪੂਰਨ ਅਤੇ ਕੁਝ ਵਸਨੀਕਾਂ ਲਈ ਪਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ। ਇਸਦੇ ਪ੍ਰਭਾਵ ਨੂੰ ਘੱਟ ਕਰਨ ਲਈ, ਪਾਲਤੂ ਜਾਨਵਰਾਂ ਦੇ ਮਾਲਕ ਪਹਿਲਾਂ ਤੋਂ ਕਦਮ ਚੁੱਕ ਸਕਦੇ ਹਨ, ਜਿਵੇਂ ਕਿ, ਜਦੋਂ ਪਟਾਕੇ ਬਹੁਤ ਜ਼ਿਆਦਾ ਚੱਲ ਰਹੇ ਹੋਣ, ਉਸ ਦੌਰਾਨ ਜਾਨਵਰਾਂ ਨੂੰ ਘਰ ਦੇ ਅੰਦਰ ਰੱਖਣਾ, ਇੱਕ ਸ਼ਾਂਤ ਅਤੇ ਆਰਾਮਦਾਇਕ ਥਾਂ ਤਿਆਰ ਕਰਨਾ, ਅਤੇ ਆਪਣੇ ਪਾਲਤੂ ਜਾਨਵਰਾਂ ਨੂੰ ਸ਼ਾਂਤ ਰੱਖਣ ਵਿੱਚ ਮਦਦ ਲਈ ਸ਼ਾਂਤ ਕਰਨ ਵਾਲੀਆਂ ਤਕਨੀਕਾਂ ਜਾਂ ਸੰਗੀਤ ਦੀ ਵਰਤੋਂ ਕਰਨਾ।

ਸ਼ੋਰ ਦੇ ਪ੍ਰਤੀ ਸੰਵੇਦਨਸ਼ੀਲ ਵਸਨੀਕ, ਜਿਨ੍ਹਾਂ ਨੂੰ ਤੇਜ਼ ਅਤੇ ਅਚਾਨਕ ਆਉਣ ਵਾਲੀਆਂ ਆਵਾਜ਼ਾਂ ਤਣਾਅਪੂਰਨ ਲੱਗ ਸਕਦੀਆਂ ਹਨ, ਉਹ ਈਅਰਪਲੱਗ, ਸਾਊਂਡ ਮਸ਼ੀਨਾਂ ਦਾ ਲਾਭ ਲੈ ਸਕਦੇ ਹਨ, ਜਾਂ ਉਹਨਾਂ ਖੇਤਰਾਂ ਤੋਂ ਦੂਰ ਸ਼ਾਂਤ ਸਮਾਂ ਬਿਤਾਉਣ ਦੀ ਯੋਜਨਾ ਬਣਾ ਸਕਦੇ ਹਨ, ਜਿੱਥੇ ਪਟਾਕੇ ਬਹੁਤ ਜ਼ਿਆਦਾ ਚੱਲ ਰਹੇ ਹੋਣ।

## ਗੈਰ-ਕਾਨੂੰਨੀ ਪਟਾਕਿਆਂ ਦੀ ਵਰਤੋਂ ਦੀ ਰਿਪੋਰਟ ਕਰੋ

ਜੇਕਰ ਤੁਹਾਡੇ ਗੁਆਂਢ ਜਾਂ ਭਾਈਚਾਰੇ ਵਿੱਚ ਕੋਈ ਪਟਾਕਿਆਂ ਦੀ ਦੁਰਵਰਤੋਂ ਕਰ ਰਿਹਾ ਹੈ, ਤਾਂ ਕਿਰਪਾ ਕਰਕੇ 311 'ਤੇ ਕਾਲ ਕਰੋ। ਕਿਰਪਾ ਕਰਕੇ ਪਟਾਕਿਆਂ ਦੀਆਂ ਸ਼ਿਕਾਇਤਾਂ ਲਈ 911 'ਤੇ ਕਾਲ ਨਾ ਕਰੋ, ਜਦੋਂ ਤੱਕ ਕੋਈ ਐਮਰਜੈਂਸੀ ਨਾ ਹੋਵੇ, ਜਿਵੇਂ ਕਿ ਅੱਗ, ਸੱਟ

City of Mississauga
300 City Centre Drive
Mississauga, ON L5B 3C1



ਜਾਂ ਮੌਤ।

ਵਸਨੀਕ ਸਿਟੀ ਦੀ ਵੈੱਬਸਾਈਟ ਰਾਹੀਂ ਔਨਲਾਈਨ ਸ਼ਿਕਾਇਤ ਦਾਖਲ (file a complaint online) ਕਰ ਸਕਦੇ ਹਨ ਅਤੇ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਪਟਾਕਿਆਂ ਦੀ ਦੁਰਵਰਤੋਂ ਦੀ ਰਿਪੋਰਟ ਕਰ ਸਕਦੇ ਹਨ। ਵਸਨੀਕਾਂ ਵੱਲੋਂ ਸ਼ਿਕਾਇਤ ਦਾਖਲ ਕਰਨ ਤੋਂ ਬਾਅਦ, ਤਾਂ ਜੇਕਰ ਲੋੜ ਹੋਵੇ, ਸਿਟੀ ਦਾ ਐਨਫੋਰਸਮੈਂਟ ਸਟਾਫ਼ ਕਾਰਵਾਈ ਕਰੇਗਾ।

## ਹੋਰ ਜਾਣੋ

- Mississauga ਵਿੱਚ ਪਟਾਕਿਆਂ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/fireworks 'ਤੇ ਜਾਓ।
- ਅੱਗ ਤੋਂ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਲਈ, mississauga.ca/fire 'ਤੇ ਜਾਓ।